ਨੰ : ਸੀ.ਸਹਾਇਕ (ਅਮਲਾ)/ਆਰ.ਟੀ.ਆਈ.ਅਪੀਲ/ਸੰ:ਰ:ਜ:/1558 ਮਿਤੀ : 21/8/24
ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਸੇਵਾ ਵਿਖੇ,

ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ।

ਰਜਿਸਟਰਾਰ
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ।
2 9 AUG 2024
ਨੰਬਰ 7973

ਵਿਸ਼ਾ :- ਆਰ.ਟੀ.ਆਈ.ਐਕਟ-2005 ਤਹਿਤ ਦਾਇਰ ਕੀਤੀ ਗਈ ਅਪੀਲ ਦਾ ਫੈਸਲਾ ਆੱਨ-ਲਾਈਨ ਕਰਨ ਬਾਰੇ।

ਯਾਦ ਪੱਤਰ :

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਸ਼੍ਰੀ ਮਦਨ ਸਿੰਘ ਕੋਰੋਟਾਣੇ ਪੁੱਤਰ ਕਰਮ ਸਿੰਘ ਕੋਰੋਟਾਣੇਂ, ਸ਼ਾਪ ਨੰਬਰ 09, ਸ਼ਾਪ ਨੰਬਰ 09, ਸ਼ਿਵਪੁਰੀ ਮਾਰਕੀਟ, ਗਾਰਡਨ ਕਲੋਨੀ, ਬੈਂਕ ਇਨਕਲੇਵ, ਜਲੰਧਰ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਰਾਹੀਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ ਸੀ। ਇਸ ਅਪੀਲ ਦਾ ਫੈਸਲਾ ਇਸ ਅਦਾਲਤ ਵਲੋਂ ਮਿਤੀ : 13.08.2024 ਨੂੰ ਕਰ ਦਿੱਤਾ ਗਿਆ ਹੈ।

ਡਾਇਰੈਕਟੋਰੇਟ, ਪ੍ਰਸ਼ਾਸਨਿਕ ਸੁਧਾਰ, ਪੰਜਾਬ (ਆਰ.ਟੀ.ਆਈ.ਨੋਡਲ ਸੈਲ-ਪੰਜਾਬ ਸਿਵਲ ਸਕੱਤਰੇਤ-2) ਸੈਕਟਰ-9, ਚੰਡੀਗੜ ਜੀ ਵਲੋਂ ਜਾਰੀ ਪੱਤਰ ਨੰ : ਅੰ.ਵਿ.ਪੱ ਨੰ: 51/8/2014/2 ਆਰ.ਟੀ.ਆਈ.ਐਨ.ਸੀ./ 162, ਮਿਤੀ : 29.06.2015, ਜੋ ਮੁੱਖ-ਦਫਤਰ ਦੇ ਪਿੱਠ ਅੰਕਣ ਨੰ : ਅਮਲਾ/ ਅਸਗ-2/ ਆਰ.ਟੀ.ਆਈ./ 7698, ਮਿਤੀ : 29.06.2015 ਰਾਹੀਂ ਇਸ ਦਫਤਰ ਵਿੱਚ ਪ੍ਰਾਪਤ ਹੋਇਆ, ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸ਼੍ਰੀ ਮਦਨ ਸਿੰਘ ਕੋਰੋਟਾਣੇ (ਅਪੀਲਕਰਤਾ) ਵਲੋਂ ਦਾਇਰ ਕੀਤੀ ਗਈ ਅਪੀਲ ਅਤੇ ਇਸ ਅਦਾਲਤ ਵਲੋਂ ਕੀਤੇ ਗਏ ਫੈਸਲਾ ਮਿਤੀ : 13.08.2024 ਦੀ ਤਸਦੀਕਸ਼ੁਦਾ ਕਾਪੀ ਇਸ ਪੱਤਰ ਨਾਲ ਨੱਥੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਦਸਤਾਵੇਜ਼ ਵਿਭਾਗ ਦੀ ਵੈਬ-ਸਾਈਟ ਤੇ ਆੱਨ-ਲਾਈਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।
ਸਹਿਪੱਤਰ/ ਉਪਰੋਕਤ ਅਨੁਸਾਰ।

ਸੰਯੁਕਤ ਰਜਿਸਟਰਾਰ
(ਐਪੀਲਾਂਟ ਅਥਾਰਟੀ)
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਸੰਯੁਕਤ ਰਜਿਸਟਰਾਰ (ਐਪੀਲਾਂਟ ਅਥਾਰਟੀ), ਸਹਿਕਾਰੀ ਸਭਾਵਾਂ, ਜਲੰਧਰ ਮੰਡਲ,
ਸੀ.ਸੀ.ਬੀ.ਜਲੰਧਰ, ਚੌਥੀ ਮੰਜਿਲ, ਸਾਹਮਣੇ ਵੱਡਾ ਡਾਕਖਾਨਾ, ਸਿਵਲ ਲਾਈਨਜ਼,
ਜਲੰਧਰ, ਈ-ਮੇਲ ਐਡਰੈਸ : jrjalandhar1@gmail.com

ਮਦਨ ਸਿੰਘ ਕੋਰੋਟਾਣੇ ਪੁੱਤਰ ਕਰਮ ਸਿੰਘ ਕੋਰੋਟਾਣੇ, ਸ਼ਾਪ ਨੰਬਰ 09, ਸ਼ਾਪ ਨੰਬਰ 09, ਸ਼ਿਵਪੁਰੀ ਮਾਰਕੀਟ, ਗਾਰਡਨ ਕਲੋਨੀ, ਬੈਂਕ ਇਨਕਲੇਵ, ਜਲੰਧਰ।

........ਐਪੀਲੈਂਟ........

ਬਨਾਮ

1. ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ।
2. ਕਰਨ ਸ਼ਰਮਾ, ਮੈਨੇਜਿੰਗ ਡਾਇਰੈਕਟਰ, ਦੀ ਸਿਟੀਜਨ ਅਰਬਨ ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ, ਮਕਾਨ ਨੰ : 506, ਨਿਊ ਜਵਾਹਰ ਨਗਰ, ਮਾਡਲ ਟਾਊਨ ਰੋਡ, ਜਲੰਧਰ

.......ਰਿਸਪੋਂਡੈਂਟ........

ਰਾਈਟ ਟੂ ਇਨਫਰਮੇਸ਼ਨ ਐਕਟ - 2005 ਦੇ ਸੈਕਸ਼ਨ 19(1) ਤਹਿਤ ਦਾਇਰ ਕੀਤੀ ਗਈ ਅਪੀਲ।

ਹਾਜਰੀ ਮਿਤੀ : 13.08.2024 :

1. ਸ੍ਰੀ ਮਦਨ ਸਿੰਘ ਕੋਰੋਟਾਣੇ, ਅਪੀਲਕਰਤਾ।
2. ਸ੍ਰੀ ਸੰਗਰਾਮ ਸਿੰਘ, ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ, ਜਲੰਧਰ।
3. ਸ੍ਰੀ ਬ੍ਰਿਜੇਸ਼ ਬਖਸ਼ੀ, ਵਕੀਲ, ਰਿਸਪੋਂਡੈਂਟ ਨੰ : 02 ਵਲੋਂ।
4. ਸ੍ਰੀ ਪ੍ਰਵੀਨ ਨੈਟਰ, ਵਕੀਲ, ਅਪੀਲਕਰਤਾ ਵਲੋਂ।

ਹੁਕਮ :

ਮਿਸਲ ਸੁਣਵਾਈ ਵਾਸਤੇ ਪੇਸ਼ ਹੋਈ। ਅਪੀਲਕਰਤਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਦਰਖਾਸਤ ਮਿਤੀ : 10.07.2024 ਰਾਹੀਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਮਿਤੀ : 12.07.2024 ਨੂੰ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ। ਅਪੀਲ ਅਨੁਸਾਰ ਪ੍ਰਾਰਥੀ ਵਲੋਂ ਦਰਖਾਸਤ ਮਿਤੀ : 28.05.2024 ਰਾਹੀਂ ਸ੍ਰੀ ਕਰਨ ਸ਼ਰਮਾ, ਪ੍ਰਬੰਧਕ ਨਿਰਦੇਸ਼ਕ, ਦੀ ਸਿਟੀਜਨ ਅਰਬਨ ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ-ਪਬਲਿਕ ਇਨਫਰਮੇਸ਼ਨ ਅਫਸਰ/ ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ ਪਾਸੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਦਰਖਾਸਤ ਵਿੱਚ ਦਰਜ 12 ਨੁਕਤਿਆਂ ਬਾਰੇ ਸੂਚਨਾ ਲੈਣ ਵਾਸਤੇ ਅਪਲਾਈ ਕੀਤਾ ਗਿਆ ਸੀ। ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਦੀ ਸਿਟੀਜਨ ਅਰਬਨ ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ ਨਾਲ ਸਬੰਧਤ ਸੀ। ਅਪੀਲ ਅਨੁਸਾਰ ਪ੍ਰਾਰਥੀ ਵਲੋਂ ਬੇਨਤੀ ਕੀਤੀ ਗਈ ਕਿ ਉਸ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਦੇ ਸਬੰਧ ਵਿੱਚ ਬੈਂਕ ਵਲੋਂ ਉਸਨੂੰ ਮਿਤੀ : 10.07.2024 ਤੱਕ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ ਅਤੇ ਉਹ ਖੁੱਦ ਜਾ ਕੇ ਉਪ-ਰਜਿਸਟਰਾਰ ਸਹਿਕਾਰੀ ਸਭਾਵਾਂ ਜਲੰਧਰ ਨੂੰ ਮਿਲਿਆ ਅਤੇ ਉਨ੍ਹਾਂ

ਨਾਲ ਵਿਚਾਰ ਕਰਨ ਉਪਰੰਤ ਉਪ-ਰਜਿਸਟਰਾਰ ਸਹਿਕਾਰੀ ਸਭਾਵਾਂ ਜਲੰਧਰ ਵਲੋਂ ਪ੍ਰਾਰਥੀ ਵਲੋਂ
ਮੰਗੀ ਗਈ ਸੂਚਨਾ ਉਸਨੂੰ ਮੁਹੱਈਆ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਗਿਆ।
ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਅਨੁਸਾਰ ਦੀ
ਸਿਟੀਜਨ ਅਰਬਨ ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ ਦੇ ਪੱਤਰ ਰਾਹੀਂ ਦਿੱਤੇ ਜਵਾਬ ਮੁਤਾਬਕ
ਬੈਂਕ ਆਰ.ਟੀ.ਆਈ.ਐਕਟ-2005 ਅਧੀਨ ਨਹੀਂ ਆਉਂਦਾ। ਪ੍ਰਾਰਥੀ ਵਲੋਂ ਅਪੀਲ ਰਾਹੀਂ
ਇਹ ਵੀ ਬੇਨਤੀ ਕੀਤੀ ਗਈ ਕਿ ਉਸ ਵਲੋਂ ਬੈਂਕ ਦੇ ਕਿਸੇ ਖਾਤੇ ਬਾਰੇ ਸੂਚਨਾ ਨਹੀਂ ਮੰਗੀ ਗਈ,
ਉਹ ਇਸ ਬੈਂਕ ਦਾ ਮੈਂਬਰ ਹੈ ਅਤੇ ਉਸਨੂੰ ਚੇਅਰਮੈਨ, ਬੈਂਕ ਦੇ ਬੋਰਡ ਆਫ ਡਾਇਰੈਕਟਰਜ਼
ਅਤੇ ਬੈਂਕ ਦੀਆਂ ਹੋਈਆਂ ਚੋਣਾਂ ਬਾਰੇ ਅਤੇ ਇਸ ਵਿੱਚ ਕਿੰਨੇ ਮੁਲਾਜ਼ਮ ਹਨ ਅਤੇ ਇਹ ਬੈਂਕ
ਸਹਿਕਾਰੀ ਸਭਾਵਾਂ ਜਲੰਧਰ ਦੇ ਇੰਸਪੈਕਟਰ, ਏ.ਆਰ. ਕੋਆਪ੍ਰੇਟਿਵ ਸੁਸਾਇਟੀ, ਡਿਪਟੀ
ਰਜਿਸਟਰਾਰ ਕੋਆਪ੍ਰੇਟਿਵ ਸੁਸਾਇਟੀਜ਼ ਅਤੇ ਆਰ.ਬੀ.ਆਈ. ਦੀਆਂ ਹਦਾਇਤਾਂ ਦੀ ਦੇਖਰੇਖ
ਵਿੱਚ ਚਲਦਾ ਹੈ ਅਤੇ ਬੈਂਕ ਦੀ ਸੁਸਾਇਟੀ ਦਾ ਪਬਲਿਕ ਇਨਫਰਮੇਸ਼ਨ ਅਫਸਰ
ਉਪ-ਰਜਿਸਟਰਾਰ ਸਹਿਕਾਰੀ ਸਭਾਵਾਂ ਜਲੰਧਰ ਹੈ ਅਤੇ ਪ੍ਰਾਰਥੀ ਵਲੋਂ ਉਪ-ਰਜਿਸਟਰਾਰ
ਸਹਿਕਾਰੀ ਸਭਾਵਾਂ ਜਲੰਧਰ ਨੂੰ ਮਿਲ ਕੇ ਮੰਗੀ ਗਈ ਸੂਚਨਾ ਦਿਵਾਉਣ ਲਈ ਬੇਨਤੀ ਕੀਤੀ ਗਈ
ਸੀ। ਪ੍ਰਾਰਥੀ ਵਲੋਂ ਬੇਨਤੀ ਕੀਤੀ ਗਈ ਕਿ ਸ੍ਰੀ ਕਰਨ ਸ਼ਰਮਾ, ਪ੍ਰਬੰਧਕ ਨਿਰਦੇਸ਼ਕ, ਦੀ
ਸਿਟੀਜਨ ਅਰਬਨ ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ ਅਤੇ ਉਪ-ਰਜਿਸਟਰਾਰ ਸਹਿਕਾਰੀ ਸਭਾਵਾਂ
ਜਲੰਧਰ ਵਲੋਂ ਉਸਨੂੰ ਕੋਈ ਜਵਾਬ ਨਹੀਂ ਦਿੱਤਾ ਗਿਆ ਅਤੇ ਇਸ ਕੋਲ ਰੀਕਾਰਡ ਮੌਜੂਦ ਹੈ,
ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਪੀ.ਆਈ.ਓ.ਅਤੇ ਏ.ਪੀ.ਆਈ.ਓ.ਸਹੀ ਅਤੇ ਪੂਰੀ ਸੂਚਨਾ
ਦੇਣ ਤੋਂ ਇਨਕਾਰ ਕਰਦੇ ਹਨ। ਪ੍ਰਾਰਥੀ ਵਲੋਂ ਸ੍ਰੀ ਕਰਨ ਸ਼ਰਮਾ, ਪ੍ਰਬੰਧਕ ਨਿਰਦੇਸ਼ਕ, ਦੀ
ਸਿਟੀਜਨ ਅਰਬਨ ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ ਅਤੇ ਉਪ-ਰਜਿਸਟਰਾਰ ਸਹਿਕਾਰੀ ਸਭਾਵਾਂ
ਜਲੰਧਰ ਪਾਸੋਂ ਮੰਗੀ ਗਈ ਸੂਚਨਾ ਦਿਵਾਉਣ ਅਤੇ ਇਸ ਸਬੰਧ ਵਿੱਚ ਉਪ-ਰਜਿਸਟਰਾਰ
ਸਹਿਕਾਰੀ ਸਭਾਵਾਂ ਜਲੰਧਰ ਨੂੰ ਲੋੜੀਂਦੇ ਦਿਸ਼ਾ ਨਿਰਦੇਸ਼ ਜਾਰੀ ਕਰਨ ਲਈ ਬੇਨਤੀ ਕੀਤੀ ਗਈ।

ਅਪੀਲ ਦੀ ਸੁਣਵਾਈ ਵਾਸਤੇ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਗਿਆ
ਅਤੇ ਵੱਖ-ਵੱਖ ਮਿਤੀਆਂ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ। ਇਸ ਤੋਂ ਇਲਾਵਾ ਇਸ
ਦਫਤਰ ਵਲੋਂ ਪੱਤਰ ਨੰ : ਸੀ.ਸਹਾਇਕ (ਅਮਲਾ)/ ਸੰ:ਰ:ਜ:/ 6295, ਮਿਤੀ : 17.07.2024
ਰਾਹੀਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਨੂੰ
ਅਪੀਲਕਰਤਾ ਵਲੋਂ ਆਰ.ਟੀ.ਆਈ.ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੇ ਗਈ
ਦਰਖਾਸਤ ਮਿਤੀ : 28.05.2024 ਦੀ ਫੋਟੋਸਟੇਟ ਕਾਪੀ ਭੇਜਦੇ ਹੋਏ ਲਿਖਿਆ ਗਿਆ ਕਿ
ਦਰਖਾਸਤ ਅਨੁਸਾਰ ਜਿਹੜੀ ਵੀ ਸੂਚਨਾ ਉਪ-ਰਜਿਸਟਰਾਰ ਸਹਿਕਾਰੀ ਸਭਾਵਾਂ ਜਲੰਧਰ ਜਾਂ
ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਜਲੰਧਰ-।। ਦਫਤਰ ਵਿੱਚ ਮੌਜੂਦ ਹੈ, ਉਹ 02
ਦਿਨਾਂ ਅੰਦਰ ਪ੍ਰਾਰਥੀ ਨੂੰ ਮੁਹੱਈਆ ਕਰਵਾਈ ਜਾਵੇ ਅਤੇ ਅਪੀਲ ਦੀ ਸੁਣਵਾਈ ਦੌਰਾਨ ਇਸ
ਨਾਲ ਸਬੰਧਤ ਰੀਕਾਰਡ ਨਿੱਜੀ ਤੌਰ ਤੇ ਹਾਜਰ ਹੋ ਕੇ ਪੇਸ਼ ਕੀਤਾ ਜਾਵੇ।

ਮਿਤੀ : 22.07.2024 ਨੂੰ ਅਪੀਲ ਦੀ ਸੁਣਵਾਈ ਦੌਰਾਨ ਦੋਵੇਂ ਧਿਰਾਂ
ਹਾਜਰ ਆਈਆਂ ਅਤੇ ਬੈਂਕ ਵਲੋਂ ਸ੍ਰੀ ਬ੍ਰਿਜੇਸ਼ ਬਖਸ਼ੀ, ਵਕੀਲ ਹਾਜਰ ਆਏ ਅਤੇ ਉਨ੍ਹਾਂ ਵਲੋਂ
ਆਪਣਾ ਵਕਾਲਤਨਾਮਾ ਪੇਸ਼ ਕੀਤਾ ਗਿਆ। ਅਪੀਲ ਦੀ ਸੁਣਵਾਈ ਅਗਲੀ ਮਿਤੀ :
30.07.2024 ਦੂਜੀ ਧਿਰ ਦੇ ਜਵਾਬ ਵਾਸਤੇ ਰੱਖੀ ਗਈ।

ਮਿਤੀ : 30.07.2024 ਨੂੰ ਨਿਮਨ-ਹਸਤਾਖਰ ਸਰਕਾਰੀ ਦੌਰੇ ਤੇ ਹੋਣ
ਕਾਰਨ ਅਪੀਲ ਦੀ ਸੁਣਵਾਈ ਨਹੀਂ ਹੋ ਸਕੀ। ਰਿਸਪੌਂਡੈਂਟ ਨੰਬਰ 02 ਵਲੋਂ ਹਾਜਰ ਆਏ
ਜੂਨੀਅਰ ਵਕੀਲ ਸ੍ਰੀ ਅਪੂਰਵ ਬਖਸ਼ੀ ਵਲੋਂ ਆਪਣਾ ਜਵਾਬ ਪੇਸ਼ ਕੀਤਾ ਗਿਆ। ਅਪੀਲਕਰਤਾ
ਵਲੋਂ ਜਵਾਬ ਦੀ ਕਾਪੀ ਮੰਗੀ ਗਈ, ਜੋ ਮੌਕੇ ਤੇ ਉਸਨੂੰ ਦਿੱਤੀ ਗਈ। ਅਪੀਲ ਦੀ ਸੁਣਵਾਈ
ਵਾਸਤੇ ਅਗਲੀ ਮਿਤੀ : 09.08.2024 ਰੱਖੀ ਗਈ।

ਰਿਸਪੋਂਡੈਂਟ ਧਿਰ ਨੰਬਰ 02 ਵਲੋਂ ਹਾਜਰ ਆਏ ਵਕੀਲ ਸ੍ਰੀ ਬ੍ਰਿਜੇਸ਼ ਬਖਸ਼ੀ ਵਲੋਂ ਪੇਸ਼ ਕੀਤੇ ਗਏ ਜਵਾਬ ਅਨੁਸਾਰ ਅਪੀਲਕਰਤਾ ਵਲੋਂ ਆਰ.ਟੀ.ਆਈ. ਐਕਟ-2005 ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਮਿਤੀ : 28.05.2024 ਆਰ.ਟੀ. ਆਈ .ਐਕਟ-2005 ਤਹਿਤ maintainable ਨਹੀਂ ਹੈ। ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਵਲੋਂ ਪੱਤਰ ਨੰ : 2335, ਮਿਤੀ : 18.06.2024 ਰਾਹੀਂ ਪ੍ਰਾਰਥੀ ਨੂੰ ਦਿੱਤੇ ਗਏ ਜਵਾਬ ਅਨੁਸਾਰ ਸਪਸ਼ਟ ਤੌਰ ਤੇ ਲਿਖਿਆ ਗਿਆ ਹੈ ਕਿ ਸਹਿਕਾਰੀ ਬੈਂਕ ਆਰ.ਟੀ.ਆਈ. ਐਕਟ-2005 ਤਹਿਤ ਕਵਰ ਨਹੀਂ ਹੁੰਦੇ ਹਨ। ਇਸ ਤਰਾਂ ਅਪੀਲਕਰਤਾ, ਆਰ.ਟੀ.ਆਈ. ਐਕਟ-2005 ਤਹਿਤ ਸੂਚਨਾ ਲੈਣ ਵਾਸਤੇ entitled ਨਹੀਂ ਹੈ ਅਤੇ ਨਾ ਹੀ ਰਿਸਪੌਂਡੈਂਟ ਧਿਰ ਆਰ.ਟੀ.ਆਈ .ਐਕਟ-2005 ਤਹਿਤ ਸੂਚਨਾ ਦੇਣ ਲਈ ਪਾਬੰਦ ਹੈ। ਰਿਸਪੋਂਡੈਂਟ ਨੰ : 02 ਦੇ ਵਕੀਲ ਸ੍ਰੀ ਬ੍ਰਿਜੇਸ਼ ਬਖਸ਼ੀ ਵਲੋਂ ਆਪਣੇ ਜਵਾਬ ਵਿੱਚ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਲੋਂ ਸਿਵਲ ਅਪੀਲ ਨੰ : 9017 ਆਫ 2013 - ਦੀ ਥਲਪੰਮ ਸਰਵਿਸ ਕੋਆਪ੍ਰੇਟਿਵ ਬੈਂਕ ਲਿਮ: ਅਤੇ ਹੋਰ ਬਨਾਮ ਸਟੇਟ ਆਫ ਕੇਰਲਾ ਅਤੇ ਹੋਰ ਦੇ ਸਬੰਧ ਵਿੱਚ ਮਾਨਯੋਗ ਅਦਾਲਤ ਵਲੋਂ ਕੀਤੇ ਫੈਸਲਾ ਮਿਤੀ : 07.10.2013 ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ ਕਿ ਇੱਕ ਸਹਿਕਾਰੀ ਸਭਾ ਜੋ ਸਹਿਕਾਰੀ ਸਭਾਵਾਂ ਐਕਟ ਅਧੀਨ ਰਜਿਸਟਰਡ ਕੀਤੀ ਗਈ ਹੈ, ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਇੱਕ ਪਬਲਿਕ ਅਥਾਰਟੀ ਨਹੀਂ ਹੈ। ਇਸ ਤਰਾਂ ਸਹਿਕਾਰੀ ਬੈਂਕ ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਸੈਕਸ਼ਨ 2(ਐਚ) ਅਧੀਨ ਦਿੱਤੀ ਗਈ ਪਬਲਿਕ ਅਥਾਰਟੀ ਦੀ ਪਰਿਭਾਸ਼ਾ ਤਹਿਤ ਕਵਰ ਨਹੀਂ ਹੁੰਦੇ ਹਨ ਅਤੇ ਇਹ ਅਪੀਲ maintainable ਨਹੀਂ ਹੈ। ਇਸ ਤੋਂ ਇਲਾਵਾ ਜਵਾਬ ਵਿੱਚ ਮਾਨਯੋਗ ਮੁੰਬਈ ਹਾਈਕੋਰਟ ਵਲੋਂ ਸਿਵਲ ਪਟੀਸ਼ਨ ਨੰ : 2481 ਆਫ 2016 - "ਆਦੀਵਾਸੀ ਵਿਵਿਧਾ ਕਾਰਯਕਾਰੀ ਸਹਿਕਾਰੀ ਸੰਸਥਾ ਲਿਮ: ਬਨਾਮ ਸਟੇਟ ਇਨਫਰਮੇਸ਼ਨ ਕਮਿਸ਼ਨ, ਐਮ. ਐਸ. ਨਾਗਪੁਰ ਅਤੇ ਹੋਰ ਦੇ ਸਬੰਧ ਵਿੱਚ ਮਾਨਯੋਗ ਅਦਾਲਤ ਵਲੋਂ ਕੀਤੇ ਗਏ ਫੈਸਲਾ ਮਿਤੀ : 04.01.2019 ਦਾ ਹਵਾਲਾ ਦਿੰਦੇ ਹੋਏ ਲਿਖਿਆ ਗਿਆ ਹੈ ਕਿ ਸਹਿਕਾਰੀ ਸਭਾਵਾਂ ਆਰ.ਟੀ.ਆਈ.ਐਕਟ-2005 ਦੇ ਸੈਕਸ਼ਨ 2(ਐਚ) ਤਹਿਤ ਦਿੱਤੀ ਗਈ ਪਬਲਿਕ ਅਥਾਰਟੀ ਦੀ ਪਰਿਭਾਸ਼ਾ ਅਧੀਨ ਕਵਰ ਨਹੀਂ ਹੁੰਦੀ ਹੈ। ਇਸ ਤੋਂ ਇਲਾਵਾ ਮਾਨਯੋਗ ਮਦਰਾਸ ਹਾਈਕੋਰਟ ਵਲੋਂ ਸਿਵਲ ਰਿੱਟ ਪਟੀਸ਼ਨ ਨੰ : 14298 ਆਫ 2022 ਦੇ ਸਬੰਧ ਵਿੱਚ ਮਾਨਯੋਗ ਅਦਾਲਤ ਵਲੋਂ ਮਿਤੀ : 06.06.2024 ਨੂੰ ਕੀਤੇ ਗਏ ਫੈਸਲੇ ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ ਕਿ ਸਹਿਕਾਰੀ ਸਭਾ ਜੋ ਕਿ ਦੀ ਤਾਮਿਲਨਾਡੂ ਕੋਆਪ੍ਰੇਟਿਵ ਸੁਸਾਇਟੀ ਐਕਟ ਰਜਿਸਟਰਡ ਕੀਤੀ ਗਈ ਹੈ, ਆਰ.ਟੀ.ਆਈ. ਐਕਟ-2005 ਅਧੀਨ ਸੂਚਨਾ ਦੇਣ ਵਾਸਤੇ ਕਵਰ ਨਹੀਂ ਹੁੰਦੀ ਹੈ।

ਮਿਤੀ : 09.08.2024 ਨੂੰ ਨਿਮਨ ਹਸਤਾਖਰ ਦੀ ਸਿਹਤ ਠੀਕ ਨਾ ਹੋਣ ਕਾਰਨ ਛੁੱਟੀ ਤੇ ਹੋਣ ਕਾਰਨ ਅਪੀਲ ਦੀ ਸੁਣਵਾਈ ਨਹੀਂ ਹੋ ਸਕੀ ਅਤੇ ਅਪੀਲ ਦੀ ਸੁਣਵਾਈ ਵਾਸਤੇ ਅਗਲੀ ਮਿਤੀ : 13.08.2024 ਰੱਖੀ ਗਈ।

ਮਿਤੀ : 13.08.2024 ਨੂੰ ਅਪੀਲ ਦੀ ਸੁਣਵਾਈ ਦੌਰਾਨ ਸ੍ਰੀ ਸੰਗਰਾਮ ਸਿੰਘ, ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਹਾਜਰ ਆਏ। ਉਨ੍ਹਾਂ ਵਲੋਂ ਆਪਣੇ ਬਿਆਨ ਵਿੱਚ ਕਿਹਾ ਗਿਆ ਕਿ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਮਿਤੀ : 28.05.2024 ਸ੍ਰੀ ਕਰਨ ਸ਼ਰਮਾ, ਪ੍ਰਬੰਧਕ ਨਿਰਦੇਸ਼ਕ, ਦੀ ਸਿਟੀਜਨ ਅਰਬਨ ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ-ਪਬਲਿਕ ਇਨਫਰਮੇਸ਼ਨ ਅਫਸਰ/ ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ ਨੂੰ ਐਡਰੈਸ ਹੈ ਅਤੇ ਇਹ ਦਰਖਾਸਤ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਦਫਤਰ ਵਿੱਚ ਕਦੇ ਰਸੀਦ ਨਹੀਂ ਹੋਈ। ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦੀ ਸਿਟੀਜ਼ਨ ਅਰਬਨ ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ ਪਾਸ ਅਪਲਾਈ ਕੀਤਾ ਗਿਆ ਸੀ। ਇਸ ਲਈ ਪ੍ਰਾਰਥੀ ਵਲੋਂ ਦਿੱਤੀ ਗਈ ਦਰਖਾਸਤ ਦੇ ਸਬੰਧ ਵਿੱਚ ਬੈਂਕ ਵਲੋਂ ਹੀ ਜਵਾਬ ਦੇਣਾ ਬਣਦਾ ਹੈ।

ਅਪੀਲ ਦੀ ਸੁਣਵਾਈ ਦੌਰਾਨ ਅਪੀਲਕਰਤਾ ਵਲੋਂ ਬੇਨਤੀ ਕੀਤੀ ਗਈ ਕਿ ਉਹ ਦੀ ਸਿਟੀਜਨ ਅਰਬਨ ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ ਦਾ ਮੈਂਬਰ ਹੈ ਅਤੇ ਇਹ ਜ਼ਰੂਰੀ ਹੈ ਕਿ ਇੱਕ ਮੈਂਬਰ ਹੋਣ ਦੇ ਨਾਤੇ ਬੈਂਕ ਉਸ ਵਲੋਂ ਮੰਗੀ ਗਈ ਸੂਚਨਾ ਉਸਨੂੰ ਮੁਹੱਈਆ ਕਰਵਾਏ। ਪ੍ਰਾਰਥੀ ਵਲੋਂ ਕੀਤੀ ਬੇਨਤੀ ਦੇ ਜਵਾਬ ਵਿੱਚ ਰਿਸਪੋਂਡੈਂਟ ਧਿਰ ਨੰ : 02 ਦੇ ਵਕੀਲ ਸ੍ਰੀ ਬ੍ਰਿਜੇਸ਼ ਬਖਸ਼ੀ ਵਲੋਂ ਕਿਹਾ ਗਿਆ ਕਿ ਅਪੀਲਕਰਤਾ ਵਲੋਂ ਦੀ ਸਿਟੀਜਨ ਅਰਬਨ ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ ਪਾਸੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਅਪਲਾਈ ਕੀਤਾ ਗਿਆ ਹੈ, ਨਾ ਕਿ ਬੈਂਕ ਦਾ ਇੱਕ ਮੈਂਬਰ ਹੋਣ ਦੇ ਨਾਤੇ। ਬੈਂਕ ਰਾਈਟ ਟੂ ਇਨਫਰਮੇਸ਼ਨ ਐਕਟ-2005 ਅਧੀਨ ਨਹੀਂ ਆਉਂਦਾ ਹੈ। ਇਸ ਲਈ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਉਸਨੂੰ ਮੁਹੱਈਆ ਨਹੀਂ ਕਰਵਾਈ ਜਾ ਸਕਦੀ। ਅਪੀਲਕਰਤਾ ਅਗਰ ਚਾਹੇ ਤਾਂ ਪੰਜਾਬ ਸਹਿਕਾਰੀ ਸਭਾਵਾਂ ਐਕਟ-1961 ਵਿੱਚ ਕੀਤੇ ਗਏ ਪ੍ਰਾਵਧਾਨਾਂ ਰਾਹੀਂ ਬੈਂਕ ਪਾਸੋਂ ਸੂਚਨਾ ਲੈਣ ਵਾਸਤੇ ਵਿਭਾਗ ਰਾਹੀਂ ਅਪਲਾਈ ਕਰ ਸਕਦਾ ਹੈ।

ਦੋਵਾਂ ਧਿਰਾਂ ਨੂੰ ਸੁਣਨ ਅਤੇ ਰੀਕਾਰਡ ਦੀ ਘੋਖ ਕਰਨ ਉਪਰੰਤ ਮੈਂ ਇਸ ਸਿੱਟੇ ਤੇ ਪੁੱਜੀ ਹਾਂ ਕਿ ਪ੍ਰਾਰਥੀ ਵਲੋਂ ਦਰਖਾਸਤ ਮਿਤੀ : 28.05.2024 ਰਾਹੀਂ ਸ੍ਰੀ ਕਰਨ ਸ਼ਰਮਾ, ਪ੍ਰਬੰਧਕ ਨਿਰਦੇਸ਼ਕ, ਦੀ ਸਿਟੀਜਨ ਅਰਬਨ ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ-ਪਬਲਿਕ ਇਨਫਰਮੇਸ਼ਨ ਅਫਸਰ/ ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ ਪਾਸੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਅਪਲਾਈ ਕੀਤਾ ਗਿਆ ਸੀ। ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਲੋਂ ਸਿਵਲ ਅਪੀਲ ਨੰ : 9017 ਆਫ 2013 - ਦੀ ਥਲਪੰਮ ਸਰਵਿਸ ਕੋਆਪ੍ਰੇਟਿਵ ਬੈਂਕ ਲਿਮ: ਅਤੇ ਹੋਰ ਬਨਾਮ ਸਟੇਟ ਆਫ ਕੇਰਲਾ ਅਤੇ ਹੋਰ ਦੇ ਸਬੰਧ ਵਿੱਚ ਮਾਨਯੋਗ ਅਦਾਲਤ ਵਲੋਂ ਕੀਤੇ ਫੈਸਲਾ ਮਿਤੀ : 07.10.2013 ਅਨੁਸਾਰ ਇੱਕ ਸਹਿਕਾਰੀ ਸਭਾ, ਜੋ ਸਹਿਕਾਰੀ ਸਭਾਵਾਂ ਐਕਟ ਅਧੀਨ ਰਜਿਸਟਰਡ ਕੀਤੀ ਗਈ ਹੈ, ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਇੱਕ ਪਬਲਿਕ ਅਥਾਰਟੀ ਨਹੀਂ ਹੈ। ਇਸ ਤਰਾਂ ਦੀ ਸਿਟੀਜਨ ਅਰਬਨ ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਸੈਕਸ਼ਨ 2(ਐਚ) ਅਧੀਨ ਦਿੱਤੀ ਗਈ ਪਬਲਿਕ ਅਥਾਰਟੀ ਦੀ ਪਰਿਭਾਸ਼ਾ ਤਹਿਤ ਕਵਰ ਨਹੀਂ ਹੁੰਦੇ ਹਨ। ਇਸ ਤੋਂ ਇਲਾਵਾ ਮਾਨਯੋਗ ਮੁੰਬਈ ਹਾਈਕੋਰਟ ਵਲੋਂ ਸਿਵਲ ਪਟੀਸ਼ਨ ਨੰ : 2481 ਆਫ 2016 - "ਆਦੀਵ੍ਰਾਸੀ ਵਿਵਿਧਾ ਕਾਰਜਕਾਰੀ ਸਹਿਕਾਰੀ ਸੰਸਥਾ ਲਿਮ: ਬਨਾਮ ਸਟੇਟ ਇਨਫਰਮੇਸ਼ਨ ਕਮਿਸ਼ਨ, ਐਮ. ਐਸ. ਨਾਗਪੁਰ ਅਤੇ ਹੋਰ ਦੇ ਸਬੰਧ ਵਿੱਚ ਮਾਨਯੋਗ ਅਦਾਲਤ ਵਲੋਂ ਕੀਤੇ ਗਏ ਫੈਸਲਾ ਮਿਤੀ : 04.01.2019 ਅਨੁਸਾਰ ਸਹਿਕਾਰੀ ਸਭਾਵਾਂ ਆਰ.ਟੀ.ਆਈ. ਐਕਟ-2005 ਦੇ ਸੈਕਸ਼ਨ 2(ਐਚ) ਤਹਿਤ ਦਿੱਤੀ ਗਈ ਪਬਲਿਕ ਅਥਾਰਟੀ ਦੀ ਪਰਿਭਾਸ਼ਾ ਅਧੀਨ ਕਵਰ ਨਹੀਂ ਹੁੰਦੀ ਹੈ ਅਤੇ ਮਾਨਯੋਗ ਮਦਰਾਸ ਹਾਈਕੋਰਟ ਵਲੋਂ ਸਿਵਲ ਰਿੱਟ ਪਟੀਸ਼ਨ ਨੰ : 14298 ਆਫ 2022 ਦੇ ਸਬੰਧ ਵਿੱਚ ਮਾਨਯੋਗ ਅਦਾਲਤ ਵਲੋਂ ਮਿਤੀ : 06.06.2024 ਅਨੁਸਾਰ ਸਹਿਕਾਰੀ ਸਭਾ ਜੋ ਕਿ ਦੀ ਤਾਮਿਲਨਾਡੂ ਕੋਆਪ੍ਰੇਟਿਵ ਸੁਸਾਇਟੀ ਐਕਟ ਰਜਿਸਟਰਡ ਕੀਤੀ ਗਈ ਹੈ, ਆਰ.ਟੀ.ਆਈ. ਐਕਟ-2005 ਅਧੀਨ ਸੂਚਨਾ ਦੇਣ ਵਾਸਤੇ ਕਵਰ ਨਹੀਂ ਹੁੰਦੀ ਹੈ।

ਪ੍ਰਾਰਥੀ ਵਲੋਂ ਦਰਖਾਸਤ ਮਿਤੀ : 28.05.2024 ਰਾਹੀਂ ਸ੍ਰੀ ਕਰਨ ਸ਼ਰਮਾ, ਪ੍ਰਬੰਧਕ ਨਿਰਦੇਸ਼ਕ, ਦੀ ਸਿਟੀਜਨ ਅਰਬਨ ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ ਪਾਸੋਂ ਸੂਚਨਾ ਲੈਣ ਵਾਸਤੇ ਅਪਲਾਈ ਕੀਤਾ ਗਿਆ ਸੀ। ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਕਦੇ ਵੀ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਦੇ ਦਫਤਰ ਵਿਖੇ ਅਪਲਾਈ ਨਹੀਂ ਕੀਤਾ ਗਿਆ, ਜਿਸ ਕਾਰਨ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਵਲੋਂ ਸਪਲਾਈ ਨਹੀਂ ਕਰਵਾਈ ਗਈ। ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਦੀ ਸਿਟੀਜਨ ਅਰਬਨ ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ ਨਾਲ ਸਬੰਧਤ ਸੀ। ਅਪੀਲਕਰਤਾ ਵਲੋਂ ਅਪੀਲ ਦਾਇਰ ਕਰਨ

ਉਪਰੰਤ ਬੈਂਕ ਦੇ ਪ੍ਰਬੰਧਕ ਨਿਰਦੇਸ਼ਕ ਨੂੰ ਐਡਰੈਸ ਕੀਤੀ ਗਈ ਆਰ.ਟੀ.ਆਈ. ਐਪੀਲਕੇਸ਼ਨ ਦੀ ਕਾਪੀ ਇਸ ਦਫਤਰ ਦੇ ਪੱਤਰ ਨੰ : ਸੀ.ਸਹਾਇਕ (ਅਮਲਾ)/ ਸੰ:ਰ:ਜ:/ 6295, ਮਿਤੀ : 17.07.2024 ਰਾਹੀਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਨੂੰ ਭੇਜੀ ਗਈ ਸੀ। ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਐਪਲੀਕੇਸ਼ਨ ਦੇ ਨੁਕਤਾ ਨੰਬਰ 01 ਅਤੇ 02 ਬਾਰੇ ਜਿਹੜੀ ਸੂਚਨਾ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਜਾਂ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ-।। ਦੇ ਦਫਤਰ ਵਿਖੇ ਉਪਲਬੱਧ ਹੈ, ਉਹ ਅਪੀਲਕਰਤਾ ਨੂੰ 15 ਦਿਨਾਂ ਵਿੱਚ ਉਪਲਬੱਧ ਕਰਵਾਈ ਜਾਵੇ। ਬਾਕੀ ਸੂਚਨਾ ਦੀ ਸਿਟੀਜਨ ਅਰਬਨ ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ ਨਾਲ ਸਬੰਧਤ ਹੈ। ਦੀ ਸਿਟੀਜਨ ਅਰਬਨ ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ ਰਾਈਟ ਟੂ ਇਨਫਰਮੇਸ਼ਨ ਐਕਟ-2005 ਅਧੀਨ ਨਹੀਂ ਆਉਂਦਾ ਹੈ ਅਤੇ ਬੈਂਕ ਆਰ.ਟੀ. ਆਈ. ਐਕਟ-2005 ਦੇ ਸੈਕਸ਼ਨ 2(ਐਚ) ਵਿੱਚ ਦਿੱਤੀ ਗਈ ਪਰਿਭਾਸ਼ਾ ਅਧੀਨ ਕਵਰ ਨਹੀਂ ਹੁੰਦਾ ਹੈ, ਜਿਸ ਕਾਰਨ ਪ੍ਰਾਰਥੀ ਵਲੋਂ ਦਰਖਾਸਤ ਮਿਤੀ : 28.05.2024 ਰਾਹੀਂ ਮੰਗੀ ਗਈ ਸੂਚਨਾ ਉਸਨੂੰ ਮੁਹੱਈਆ ਨਹੀਂ ਕਰਵਾਈ ਜਾ ਸਕਦੀ। ਇਨ੍ਹਾਂ ਹੁੱਕਮਾਂ ਨਾਲ ਅਪੀਲ ਡਿਸਪੋਜ਼ ਆਫ ਕੀਤੀ ਜਾਂਦੀ ਹੈ।

ਅਪੀਲਕਰਤਾ ਅਗਰ ਇਸ ਅਦਾਲਤ ਵਲੋਂ ਦਿੱਤੇ ਗਏ ਫੈਸਲੇ ਤੋਂ ਸੰਤੁਸ਼ਟ ਨਾ ਹੋਵੇ ਤਾਂ ਉਹ ਮਾਨਯੋਗ ਸਟੇਟ ਇਨਫਰਮੇਸ਼ਨ ਕਮਿਸ਼ਨ, ਪੰਜਾਬ, ਰੈਡ ਕਰਾਸ ਬਿਲਡਿੰਗ, ਲਾਗੇ ਰੋਜ਼ ਗਾਰਡਨ, ਸੈਕਟਰ-16, ਚੰਡੀਗੜ ਜੀ ਪਾਸ ਅਗਲੀ ਅਪੀਲ ਦਾਇਰ ਕਰ ਸਕਦਾ ਹੈ।

ਮਿਤੀ : 13.08.2024.

(ਸਰਬਜੀਤ ਕੌਰ)
ਸੰਯੁਕਤ ਰਜਿਸਟਰਾਰ,
(ਐਪੀਲਾਂਟ ਅਥਾਰਟੀ)
ਸਹਿਕਾਰੀ ਸਭਾਵਾਂ ਜਲੰਧਰ ਮੰਡਲ ਜਲੰਧਰ।

ਅਸਲ ਕਾਪੀ ਤੋਂ ਤਸਦੀਕ ਕੀਤਾ
21/8/24
ਸੁਪਰਡੰਟ
ਦਫਤਰ ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਨੰ : ਸੀ.ਸਹਾਇਕ (ਅਮਲਾ)/ਆਰ.ਟੀ.ਆਈ.ਅਪੀਲ/ਸੰ:ਰ:ਜ:/...1557 ਮਿਤੀ : 2\1.8/24
ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਰਜਿਸਟਰਾਰ
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ।
2 9 AUG 2024
ਨੰਬਰ....7972

ATI

ਸੇਵਾ ਵਿਖੇ,

ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ।

ਵਿਸ਼ਾ :- ਆਰ.ਟੀ.ਆਈ.ਐਕਟ-2005 ਤਹਿਤ ਦਾਇਰ ਕੀਤੀ ਗਈ ਅਪੀਲ ਦਾ ਫੈਸਲਾ ਆੱਨ-ਲਾਈਨ ਕਰਨ ਬਾਰੇ।

30824

ਯਾਦ ਪੱਤਰ :

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਮਦਨ ਸਿੰਘ ਕੋਰੋਟਾਣੇ ਪੁੱਤਰ ਕਰਮ ਸਿੰਘ ਕੋਰੋਟਾਣੇ, ਸ਼ਾਪ ਨੰਬਰ 09, ਸ਼ਾਪ ਨੰਬਰ 09, ਸ਼ਿਵਪੁਰੀ ਮਾਰਕੀਟ, ਗਾਰਡਨ ਕਲੋਨੀ, ਬੈਂਕ ਇਨਕਲੇਵ, ਜਲੰਧਰ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਰਾਹੀਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ ਸੀ। ਇਸ ਅਪੀਲ ਦਾ ਫੈਸਲਾ ਇਸ ਅਦਾਲਤ ਵਲੋਂ ਮਿਤੀ : 13.08.2024 ਨੂੰ ਕਰ ਦਿੱਤਾ ਗਿਆ ਹੈ।

ਡਾਇਰੈਕਟੋਰੇਟ, ਪ੍ਰਸ਼ਾਸਨਿਕ ਸੁਧਾਰ, ਪੰਜਾਬ (ਆਰ.ਟੀ.ਆਈ.ਨੋਡਲ ਸੈਲ-ਪੰਜਾਬ ਸਿਵਲ ਸਕੱਤਰੇਤ-2) ਸੈਕਟਰ-9, ਚੰਡੀਗੜ ਜੀ ਵਲੋਂ ਜਾਰੀ ਪੱਤਰ ਨੰ : ਅੰ.ਵਿ ਪੱ ਨੰ: 51/8/2014/2 ਆਰ.ਟੀ.ਆਈ.ਐਨ.ਸੀ./ 162, ਮਿਤੀ : 29.06.2015, ਜੋ ਮੁੱਖ-ਦਫਤਰ ਦੇ ਪਿੱਠ ਅੰਕਣ ਨੰ : ਅਮਲਾ/ ਅਸਗ-2/ ਆਰ.ਟੀ.ਆਈ./ 7698, ਮਿਤੀ : 29.06.2015 ਰਾਹੀਂ ਇਸ ਦਫਤਰ ਵਿੱਚ ਪ੍ਰਾਪਤ ਹੋਇਆ, ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਮਦਨ ਸਿੰਘ ਕੋਰੋਟਾਣੇ (ਅਪੀਲਕਰਤਾ) ਵਲੋਂ ਦਾਇਰ ਕੀਤੀ ਗਈ ਅਪੀਲ ਅਤੇ ਇਸ ਅਦਾਲਤ ਵਲੋਂ ਕੀਤੇ ਗਏ ਫੈਸਲਾ ਮਿਤੀ : 13.08.2024 ਦੀ ਤਸਦੀਕਸ਼ੁਦਾ ਕਾਪੀ ਇਸ ਪੱਤਰ ਨਾਲ ਨੱਥੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਦਸਤਾਵੇਜ਼ ਵਿਭਾਗ ਦੀ ਵੈਬ-ਸਾਈਟ ਤੇ ਆੱਨ-ਲਾਈਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।
ਸਹਿਪੱਤਰ/ ਉਪਰੋਕਤ ਅਨੁਸਾਰ।

ਸੰਯੁਕਤ ਰਜਿਸਟਰਾਰ
(ਐਪੀਲਾਂਟ ਅਥਾਰਟੀ)
ਸਹਿਕਾਰੀ ਸਭਾਵਾਂ/ਜਲੰਧਰ ਮੰਡਲ, ਜਲੰਧਰ।

ਆਰ.ਟੀ.ਆਈ.ਸ਼ਾਖਾ
ਡਾਇਰੀ ਨੰ.580
ਮਿਤੀ...30/08/2024

ਸੰਯੁਕਤ ਰਜਿਸਟਰਾਰ (ਐਪੀਲੇਂਟ ਅਥਾਰਟੀ), ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਸੀ.ਸੀ.ਬੀ.ਜਲੰਧਰ, ਚੌਥੀ ਮੰਜਿਲ, ਸਾਹਮਣੇ ਵੱਡਾ ਡਾਕਖਾਨਾ, ਸਿਵਲ ਲਾਈਨਜ਼, ਜਲੰਧਰ, ਈ-ਮੇਲ ਐਡਰੈਸ : jrjalandhar1@gmail.com

ਮਦਨ ਸਿੰਘ ਕੋਰੋਟਾਣੇ ਪੁੱਤਰ ਕਰਮ ਸਿੰਘ ਕੋਰੋਟਾਣੇ, ਸ਼ਾਪ ਨੰਬਰ 09, ਸ਼ਾਪ ਨੰਬਰ 09, ਸ਼ਿਵਪੁਰੀ ਮਾਰਕੀਟ, ਗਾਰਡਨ ਕਲੋਨੀ, ਬੈਂਕ ਇਨਕਲੇਵ, ਜਲੰਧਰ।

........ਐਪੀਲੈਂਟ........

ਬਨਾਮ

ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ।

.......ਰਿਸਪੋਂਡੈਂਟ........

ਰਾਈਟ ਟੂ ਇਨਫਰਮੇਸ਼ਨ ਐਕਟ - 2005 ਦੇ ਸੈਕਸ਼ਨ 19(1) ਤਹਿਤ ਦਾਇਰ ਕੀਤੀ ਗਈ ਅਪੀਲ।

ਹਾਜਰੀ ਮਿਤੀ : 13.08.2024 :

1. ਸ੍ਰੀ ਮਦਨ ਸਿੰਘ ਕੋਰੋਟਾਣੇ, ਅਪੀਲਕਰਤਾ।
2. ਸ੍ਰੀ ਸੰਗਰਾਮ ਸਿੰਘ, ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ, ਜਲੰਧਰ।

ਹੁਕਮ :

ਮਿਸਲ ਸੁਣਵਾਈ ਵਾਸਤੇ ਪੇਸ਼ ਹੋਈ। ਅਪੀਲਕਰਤਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਦਰਖਾਸਤ ਮਿਤੀ : 09.07.2024 ਰਾਹੀਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਮਿਤੀ : 19.07.2024 ਨੂੰ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ। ਅਪੀਲ ਅਨੁਸਾਰ ਪ੍ਰਾਰਥੀ ਵਲੋਂ ਦਰਖਾਸਤ ਮਿਤੀ : 28.05.2024 (ਜੋ ਰਜਿਸਟਰਡ ਪੋਸਟ ਰਾਹੀਂ ਭੇਜੀ ਗਈ) ਰਾਹੀਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਪਾਸੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਦਰਖਾਸਤ ਵਿੱਚ ਦਰਜ 11 ਨੁਕਤਿਆਂ ਬਾਰੇ ਸੂਚਨਾ ਲੈਣ ਵਾਸਤੇ ਅਪਲਾਈ ਕੀਤਾ ਗਿਆ ਸੀ। ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਦੀ ਸਿਟੀਜਨ ਅਰਬਨ ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ ਨਾਲ ਸਬੰਧਤ ਸੀ। ਅਪੀਲ ਅਨੁਸਾਰ ਪ੍ਰਾਰਥੀ ਵਲੋਂ ਬੇਨਤੀ ਕੀਤੀ ਗਈ ਕਿ ਉਸ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਦੇ ਸਬੰਧ ਵਿੱਚ ਬੈਂਕ ਵਲੋਂ ਉਸਨੂੰ ਮਿਤੀ : 04.07.2024 ਤੱਕ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ ਅਤੇ ਉਹ ਖੁੱਦ ਜਾ ਕੇ ਉਪ-ਰਜਿਸਟਰਾਰ ਸਹਿਕਾਰੀ ਸਭਾਵਾਂ ਜਲੰਧਰ ਨੂੰ ਮਿਲਿਆ ਅਤੇ ਉਨ੍ਹਾਂ ਨਾਲ ਵਿਚਾਰ ਕਰਨ ਉਪਰੰਤ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਵਲੋਂ ਪ੍ਰਾਰਥੀ ਨੂੰ ਬੈਂਕ ਦੇ ਬਾਈਲਾਜ਼ ਦੀ ਫੋਟੋਕਾਪੀ ਦਿੱਤੀ ਗਈ ਅਤੇ ਇੱਕ ਪੱਤਰ ਰਾਹੀਂ ਮਿਤੀ : 04.07.2024 ਨੂੰ ਦਸਤੀ ਜਵਾਬ ਮਿਲਿਆ, ਜਿਸ ਰਾਹੀਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਵਲੋਂ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਉਸਨੂੰ ਮੁਹੱਈਆ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਗਿਆ ਤੇ ਪੱਤਰ ਰਾਹੀਂ ਪ੍ਰਾਰਥੀ ਨੂੰ ਲਿਖਿਆ ਗਿਆ ਕਿ ਦੀ ਸਿਟੀਜਨ ਅਰਬਨ

ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ ਆਰ.ਟੀ.ਆਈ.ਐਕਟ-2005 ਦੇ ਦਾਇਰੇ ਅਧੀਨ ਨਹੀਂ ਆਉਂਦਾ ਹੈ। ਅਪੀਲ ਅਨੁਸਾਰ ਅਪੀਲਕਰਤਾ ਵਲੋਂ ਬੇਨਤੀ ਕੀਤੀ ਗਈ ਹੈ ਕਿ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਅਨੁਸਾਰ ਦੀ ਸਿਟੀਜਨ ਅਰਬਨ ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ ਆਰ.ਟੀ.ਆਈ.ਐਕਟ-2005 ਦੇ ਦਾਇਰੇ ਅਧੀਨ ਨਹੀਂ ਆਉਂਦਾ ਹੈ, ਉਸ ਵਲੋਂ ਸੂਚਨਾ ਬੈਂਕ ਪਾਸੋਂ ਨਹੀਂ ਮੰਗੀ ਗਈ ਹੈ, ਉਸ ਵਲੋਂ ਸੂਚਨਾ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਪਾਸੋਂ ਮੰਗੀ ਗਈ ਹੈ, ਜੋ ਕਿ ਦੇਣੀ ਬਣਦੀ ਹੈ।

ਅਪੀਲ ਦੀ ਸੁਣਵਾਈ ਵਾਸਤੇ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਅਤੇ ਵੱਖ-ਵੱਖ ਮਿਤੀਆਂ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਮਿਤੀ : 30.07.2024 ਨੂੰ ਨਿਮਨ-ਹਸਤਾਖਰ ਸਰਕਾਰੀ ਦੌਰੇ ਤੇ ਹੋਣ ਕਾਰਨ ਅਪੀਲ ਦੀ ਸੁਣਵਾਈ ਨਹੀਂ ਹੋ ਸਕੀ। ਨਿਮਨ-ਹਸਤਾਖਰ ਵਲੋਂ ਦਿੱਤੇ ਹੁੱਕਮਾਂ ਅਨੁਸਾਰ ਅਪੀਲ ਦੀ ਸੁਣਵਾਈ ਵਾਸਤੇ ਅਗਲੀ ਮਿਤੀ : 09.08.2024 ਰੱਖੀ ਗਈ।

ਮਿਤੀ : 09.08.2024 ਨੂੰ ਨਿਮਨ ਹਸਤਾਖਰ ਦੀ ਸਿਹਤ ਠੀਕ ਨਾ ਹੋਣ ਕਾਰਨ ਛੁੱਟੀ ਤੇ ਹੋਣ ਕਾਰਨ ਅਪੀਲ ਦੀ ਸੁਣਵਾਈ ਨਹੀਂ ਹੋ ਸਕੀ ਅਤੇ ਅਪੀਲ ਦੀ ਸੁਣਵਾਈ ਵਾਸਤੇ ਅਗਲੀ ਮਿਤੀ : 13.08.2024 ਰੱਖੀ ਗਈ।

ਮਿਤੀ : 13.08.2024 ਨੂੰ ਅਪੀਲ ਦੀ ਸੁਣਵਾਈ ਦੌਰਾਨ ਸ੍ਰੀ ਸੰਗਰਾਮ ਸਿੰਘ, ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਹਾਜਰ ਆਏ। ਉਨ੍ਹਾਂ ਵਲੋਂ ਦਫਤਰ ਦੇ ਪੱਤਰ ਨੰ : ਸੀ.ਸਹਾਇਕ (ਲੇਖਾ)/ ਉ.ਰ.ਜ./ 479, ਮਿਤੀ : 08.08.2024 ਰਾਹੀਂ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਅਨੁਸਾਰ ਉਸਨੂੰ ਮੁਹੱਈਆ ਕਰਵਾਈ ਗਈ ਸੂਚਨਾ ਬਾਰੇ ਨੁਕਤਾਵਾਰ ਰਿਪੋਰਟ ਪੇਸ਼ ਕੀਤੀ ਗਈ, ਜਿਸ ਅਨੁਸਾਰ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਮਿਤੀ : 28.05.2024 ਰਾਹੀਂ ਮੰਗੀ ਗਈ 11 ਨੁਕਤਿਆਂ ਦੀ ਸੂਚਨਾ ਵਿੱਚੋਂ ਦਰਖਾਸਤ ਦੇ ਲੜੀ ਨੰ : 01, 03 ਅਤੇ 04 ਤੇ ਦਰਜ ਸੂਚਨਾ ਪ੍ਰਾਰਥੀ ਨੂੰ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਦੇ ਪੱਤਰ ਨੰ : ਸੀ.ਸਹਾ.(ਸੁ)/ ਉ.ਰ.ਜ./ 2917, ਮਿਤੀ : 22.07.2024 ਰਾਹੀਂ ਉਪਲਬੱਧ ਕਰਵਾਈ ਗਈ। ਇਸ ਦੇ ਨਾਲ ਹੀ ਪੱਤਰ ਨੰ : ਸੀ.ਸਹਾਇਕ (ਲੇਖਾ)/ ਉ.ਰ.ਜ./ 479, ਮਿਤੀ : 08.08.2024 ਰਾਹੀਂ ਦਰਖਾਸਤ ਦੇ ਲੜੀ ਨੰ : 10 ਦੀ ਸੂਚਨਾ ਵੀ ਉਪਲਬੱਧ ਕਰਵਾਈ ਗਈ। ਇਸ ਤੋਂ ਇਲਾਵਾ ਪ੍ਰਾਰਥੀ ਵਲੋਂ ਦਿੱਤੀ ਗਈ ਦਰਖਾਸਤ ਦੇ ਲੜੀ ਨੰ : 11 ਅਨੁਸਾਰ ਮੰਗੀ ਗਈ ਸੂਚਨਾ ਵੀ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਦੇ ਪੱਤਰ ਨੰ : ਸੀ.ਸਹਾ.(ਸੁ)/ ਉ.ਰ.ਜ./ 409, ਮਿਤੀ : 01.08.2024 ਅਤੇ ਨੰ : 3010, ਮਿਤੀ : 01.08.2024 ਰਾਹੀਂ ਪ੍ਰਾਰਥੀ ਨੂੰ ਮੁਹੱਈਆ ਕਰਵਾਈ ਗਈ। ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਵਲੋਂ ਪ੍ਰਾਰਥੀ ਵਲੋਂ ਦਿੱਤੀ ਗਈ ਦਰਖਾਸਤ ਦੇ ਨੁਕਤਾ ਨੰ : 02, 05, 06, 07 ਰਾਹੀਂ ਮੰਗੀ ਗਈ ਸੂਚਨਾ ਦਫਤਰ ਨਾਲ ਸਬੰਧਤ ਨਾ ਹੋਣ ਅਤੇ ਲੜੀ ਨੰ : 08 ਤੇ 09 ਦੀ ਸੂਚਨਾ ਦਫਤਰ ਵਿੱਚ ਉਪਲਬੱਧ ਨਾ ਹੋਣ ਬਾਰੇ ਲਿਖਿਆ ਗਿਆ ਹੈ।

ਦੋਵਾਂ ਧਿਰਾਂ ਨੂੰ ਸੁਣਨ ਅਤੇ ਰੀਕਾਰਡ ਦੀ ਘੋਖ ਕਰਨ ਉਪਰੰਤ ਮੈਂ ਇਸ ਸਿੱਟੇ ਤੇ ਪੁੰਹਚੀ ਹਾਂ ਕਿ ਪ੍ਰਾਰਥੀ ਵਲੋਂ ਦਰਖਾਸਤ ਮਿਤੀ : 28.05.2024 ਰਾਹੀਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਦੇ ਦਫਤਰ ਪਾਸੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਦੇ ਲੜੀ ਨੰ : 01, 03, 04, 10 ਅਤੇ 11 ਤੇ ਦਰਜ ਸੂਚਨਾ ਪ੍ਰਾਰਥੀ ਨੂੰ ਮੁਹੱਈਆ ਕਰਵਾਈ ਜਾ ਚੁੱਕੀ ਹੈ। ਲੜੀ ਨੰ : 02, 05, 06, 07, 08 ਅਤੇ 09 ਨਾਲ ਸਬੰਧਤ ਸੂਚਨਾ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਦੇ ਦਫਤਰ ਵਿੱਚ ਉਪਲਬੱਧ ਨਹੀਂ ਹੈ। ਇਹ ਸੂਚਨਾ ਦੀ ਸਿਟੀਜਨ ਅਰਬਨ ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ ਨਾਲ ਸਬੰਧਤ ਹੈ। ਮਾਨਯੋਗ ਸੁਪਰੀਮ ਕੋਰਟ ਆਫ

ਇੰਡੀਆ ਵਲੋਂ ਸਿਵਲ ਅਪੀਲ ਨੰ : 9017 ਆਫ 2013 – ਦੀ ਥਲਪੰਮ ਸਰਵਿਸ ਕੋਆਪ੍ਰੇਟਿਵ ਬੈਂਕ ਲਿਮ: ਅਤੇ ਹੋਰ ਬਨਾਮ ਸਟੇਟ ਆਫ ਕੇਰਲਾ ਅਤੇ ਹੋਰ ਦੇ ਸਬੰਧ ਵਿੱਚ ਮਾਨਯੋਗ ਅਦਾਲਤ ਵਲੋਂ ਕੀਤੇ ਫੈਸਲਾ ਮਿਤੀ : 07.10.2013 ਅਨੁਸਾਰ ਇੱਕ ਸਹਿਕਾਰੀ ਸਭਾ, ਜੋ ਸਹਿਕਾਰੀ ਸਭਾਵਾਂ ਐਕਟ ਅਧੀਨ ਰਜਿਸਟਰਡ ਕੀਤੀ ਗਈ ਹੈ, ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਇੱਕ ਪਬਲਿਕ ਅਥਾਰਟੀ ਨਹੀਂ ਹੈ। ਇਸ ਤਰਾਂ ਦੀ ਸਿਟੀਜਨ ਅਰਬਨ ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਸੈਕਸ਼ਨ 2(ਐਚ) ਅਧੀਨ ਦਿੱਤੀ ਗਈ ਪਬਲਿਕ ਅਥਾਰਟੀ ਦੀ ਪਰਿਭਾਸ਼ਾ ਤਹਿਤ ਕਵਰ ਨਹੀਂ ਹੁੰਦੇ ਹਨ, ਜਿਸ ਕਾਰਨ ਪ੍ਰਾਰਥੀ ਵਲੋਂ ਦਿੱਤੀ ਗਈ ਦਰਖਾਸਤ ਦੇ ਲੜੀ ਨੰ : 02, 05, 06, 07, 08 ਅਤੇ 09 ਨਾਲ ਸਬੰਧਤ ਸੂਚਨਾ ਪ੍ਰਾਰਥੀ ਨੂੰ ਮੁਹੱਈਆ ਨਹੀਂ ਕਰਵਾਈ ਜਾ ਸਕਦੀ।

ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਦੇ ਲੜੀ ਨੰ : 01, 03, 04, 10 ਅਤੇ 11 ਤੇ ਦਰਜ ਸੂਚਨਾ, ਜੋ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਦੇ ਦਫਤਰ ਵਿੱਚ ਮੌਜੂਦ ਸੀ, ਪ੍ਰਾਰਥੀ ਨੂੰ ਮੁਹੱਈਆ ਕਰਵਾਈ ਜਾ ਚੁੱਕੀ ਹੈ। ਪ੍ਰਾਰਥੀ ਵਲੋਂ ਦਿੱਤੀ ਗਈ ਦਰਖਾਸਤ ਦੇ ਲੜੀ ਨੰ : 02, 05, 06, 07, 08 ਅਤੇ 09 ਨਾਲ ਸਬੰਧਤ ਸੂਚਨਾ ਦੀ ਸਿਟੀਜਨ ਅਰਬਨ ਕੋਆਪ੍ਰੇਟਿਵ ਬੈਂਕ ਲਿਮ: ਜਲੰਧਰ ਨਾਲ ਸਬੰਧਤ ਹੈ, ਜਿਸ ਕਾਰਨ ਇਹ ਸੂਚਨਾ ਪ੍ਰਾਰਥੀ ਨੂੰ ਮੁਹੱਈਆ ਨਹੀਂ ਕਰਵਾਈ ਜਾ ਸਕਦੀ। ਇਨ੍ਹਾਂ ਹੁੱਕਮਾਂ ਨਾਲ ਅਪੀਲ ਡਿਸਪੋਜ਼ ਆਫ ਕੀਤੀ ਜਾਂਦੀ ਹੈ।

ਅਪੀਲਕਰਤਾ ਅਗਰ ਇਸ ਅਦਾਲਤ ਵਲੋਂ ਦਿੱਤੇ ਗਏ ਫੈਸਲੇ ਤੋਂ ਸੰਤੁਸ਼ਟ ਨਾ ਹੋਵੇ ਤਾਂ ਉਹ ਮਾਨਯੋਗ ਸਟੇਟ ਇਨਫਰਮੇਸ਼ਨ ਕਮਿਸ਼ਨ, ਪੰਜਾਬ, ਰੈਡ ਕਰਾਸ ਬਿਲਡਿੰਗ, ਲਾਗੇ ਰੋਜ਼ ਗਾਰਡਨ, ਸੈਕਟਰ-16, ਚੰਡੀਗੜ ਜੀ ਪਾਸ ਅਗਲੀ ਅਪੀਲ ਦਾਇਰ ਕਰ ਸਕਦਾ ਹੈ।

ਮਿਤੀ : 13.08.2024.

(ਪ੍ਰਭਜੀਤ ਕੋਰ)
ਸੰਯੁਕਤ ਰਜਿਸਟਰਾਰ,
(ਐਪੀਲਾਂਟ ਅਥਾਰਟੀ)
ਸਹਿਕਾਰੀ ਸਭਾਵਾਂ ਜਲੰਧਰ ਮੰਡਲ ਜਲੰਧਰ।

ਅਸਲ ਕਾਪੀ ਤੋਂ ਤਸਦੀਕ ਕੀਤੀ
21/8/24